# STUDY OF KARAMJIT KUSSA'S NOVEL 'AG DA GEET'
# ਕਰਮਜੀਤ ਕੁੱਸਾ ਦੇ ਨਾਵਲ 'ਅੱਗ ਦਾ ਗੀਤ' ਦਾ ਅਧਿਐਨ

**ਡਾ. ਹਰਦੇਵ ਸਿੰਘ (Dr. Hardev Singh)**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਰਸਾ (ਹਰਿਆਣਾ)
ਮੋਬਾਈਲ : 9812090721 Email- hardevsingh.hs24@gmail.com

ABSTRACT

*ਨਾਵਲ 'ਅੱਗ ਦਾ ਗੀਤ' ਦੇ ਲਗਭਗ ਸਾਰੇ ਪਾਤਰ ਕਿਸੇ ਨਾ ਕਿਸੇ ਦੀ ਕਾਮੁਕ ਅਗਨੀ ਠਾਰਨ ਵਿੱਚ ਲੱਗੇ ਹੋਏ ਹਨ। ਗੁਰਮੇਲ ਤੇ ਮਿੱਠੂ ਦੋਵੇਂ ਭਰਾ ਪਿੰਡ ਦੀ ਔਰਤ ਸੱਤਿਆ ਨਾਲ ਆਪਣੀ ਕਾਮੁਕ ਅਗਨ ਸ਼ਾਂਤ ਕਰਦੇ ਹਨ, ਜਦਕਿ ਉਹਨਾਂ ਦਾ ਭਰਾ ਚੰਨਣ ਘਰ 'ਚ ਆਪਣੀ ਭਰਜਾਈ ਬਸੰਤ ਤੋਂ ਆਪਣੀ ਕਾਮੁਕ ਅਗਨ ਸ਼ਾਂਤ ਕਰਨ ਦੀ ਉਮੀਦ ਲਗਾਈ ਬੈਠਾ ਹੈ। ਤੋਤੀ, ਜੈਲੂ, ਪਾੜ੍ਹਾ ਭੂਰਾ, ਹਾਕਮ ਬੀਰ ਸਿਉਂ ਬਾਕੀ ਸਭ ਵਿੱਚ ਇਹੋ ਕਾਮੁਕ ਅੱਗ ਹੈ। ਇਥੋਂ ਤਕ ਕਿ ਖੇਤਾਂ 'ਚ ਕੰਮ ਕਰਨ ਜਾਂਦੀਆਂ ਵਿਹੜੇ ਵਾਲੀਆਂ ਔਰਤਾਂ ਦੀ ਇੱਜਤ ਕਿਤੇ ਵੀ ਸੁਰੱਖਿਅਤ ਨਹੀਂ। ਪਰੰਤੂ ਇਸਦੇ ਨਾਲ ਹੀ ਸਚਾਈ ਇਹ ਵੀ ਹੈ ਕਿ ਇਸ ਕਾਮੁਕ ਅਗਨੀ ਦੇ ਸੇਕ ਪੱਖੋਂ ਵਿਹੜੇ ਦੀਆਂ ਔਰਤਾਂ ਵੀ ਘੱਟ ਨਹੀਂ। ਗੀਰੋ ਤੇ ਲੱਛੀ ਦਾ ਗਰਭਵਤੀ ਹੋਣਾ ਦੋਵੇਂ ਧਿਰਾਂ ਵਿੱਚਲੀ ਅੱਗ ਦਾ ਸੂਚਕ ਹੈ। ਸਥਿਤੀ ਹੋਰ ਨਿਘਰ ਗਈ ਜਾਪਦੀ ਹੈ ਜਦੋਂ ਸਰਦੀ ਪੁਜਦੀ ਮੁਕੰਦ ਕੌਰ ਬਾਲੀਆਂ ਵੱਟੇ ਸੀਰੀ ਦੀ ਅਗਨ ਠਾਰਦੀ ਹੈ।*

**ਕੀਵਰਡ**: ਕਰਮਜੀਤ ਕੁੱਸਾ, ਪੰਜਾਬੀ ਨਾਵਲ, ਨਾਵਲਕਾਰ, ਯਥਾਰਥਵਾਦ, ਸਮਾਜਕ, ਸਭਿਆਚਾਰਕ, ਕਾਮੁਕ।

ਕਰਮਜੀਤ ਕੁੱਸਾ ਪੰਜਾਬੀ ਨਾਵਲਕਾਰੀ ਵਿੱਚ ਸਥਾਪਤ ਨਾਮ ਹੈ। ਯਥਾਰਥਵਾਦੀ ਨਾਵਲਕਾਰ ਦੇ ਤੌਰ ਤੇ ਉਸਨੇ ਮਲਵਈ ਜੀਵਨ ਵਿੱਚ ਆਰਥਿਕਤਾ ਦੀ ਮਾਰ ਕਾਰਨ ਉਪਜੇ ਪਾਤਰਾਂ ਦੇ ਦੁਖਾਂਤ ਨੂੰ ਆਪਣੀਆਂ ਗਲਪ ਰਚਨਾਵਾਂ ਦਾ ਅੰਗ ਬਣਾਇਆ ਹੈ। ਉਸਨੇ **ਬੁਰਕੇ ਵਾਲੇ ਲੁਟੇਰੇ, ਰਾਤ ਦੇ ਰਾਹੀ, ਰੋਹੀ ਬੀਆਵਾਨ,ਅੱਗ ਦਾ ਗੀਤ, ਜ਼ਖਮੀ ਦਰਿਆ** ਤੋਂ **ਅਕਾਲ ਪੁਰਖੀ** ਆਦਿ ਛੇ ਨਾਵਲ ਲਿਖੇ ਜੋ ਪੇਂਡੂ ਭੂਮੀਹੀਣ/ਨਿਮਨ ਕਿਸਾਨੀ ਦੇ ਜੀਵਨ ਦੀਆਂ ਤਲਖ਼ਪੂਰਨ ਪ੍ਰਸਥਿਤੀਆਂ ਨੂੰ ਵਿਭਿੰਨ ਕੋਣਾਂ ਤੋਂ ਮੂਰਤੀਮਾਨ ਕਰਦੇ ਹਨ। ਭੂਮੀਹੀਣ ਤੇ ਨਿਮਨ ਕਿਸਾਨੀ ਦੀਆਂ ਜਟਿਲ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਉਣ ਦੇ ਪਿੱਛੇ ਕੁੱਸੇ ਦੁਆਰਾ ਆਪਣਾ ਹੱਡੀਂ ਹੰਡਾਇਆ ਕਿਸਾਨੀ ਦਾ ਕਰੂਰ/ਕਠੋਰ ਜੀਵਨ ਅਨੁਭਵ ਹੈ। ਡਾ. ਹਰਦਰਸ਼ਨ ਸਿੰਘ ਅਨੁਸਾਰ ,*"ਕੁੱਸਾ ਮੁੱਖ ਰੂਪ ਵਿੱਚ ਜ਼ਮੀਨ ਦੀਆ ਛੋਟੀਆਂ ਹੁੰਦੀਆਂ ਜਾ ਰਹੀਆਂ ਹਿੱਸੇਦਾਰੀਆਂ ਕਾਰਨ ਬੜੀ ਤੇਜ਼ੀ ਨਾਲ ਬੇਜ਼ਮੀਨ ਹੁੰਦੀ ਜਾ ਰਹੀ ਛੋਟੀ ਕਿਰਸਾਣੀ ਦੀਆਂ ਇਤਿਹਾਸਕ ਸਮੱਸਿਆਵਾਂ ਨੂੰ ਚਿਤਰਨ ਕਰਨ ਵਾਲਾ ਨਾਵਲਕਾਰ ਹੈ।"*[1]

ਕਰਮਜੀਤ ਕੁੱਸਾ ਦਾ ਨਾਵਲ **ਅੱਗ ਦਾ ਗੀਤ** ਭੂਮੀਹੀਣ ਤੇ ਨਿਮਨ ਕਿਸਾਨੀ ਦੀਆਂ ਆਰਥਿਕ ਤੰਗੀਆਂ ਅਤੇ ਸਮਾਜਕ ਤੇ ਸਭਿਆਚਾਰਕ ਦੁਖਾਂਤ ਵਿੱਚੋਂ ਉਪਜਦੀ ਉਹਨਾਂ ਦੀ ਮਾਨਸਿਕ ਪੀੜਾ ਦੇ ਬਹੁਰੂਪਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ।ਨਾਵਲ ਦੇ ਲਗਭਗ ਸਾਰੇ ਪਾਤਰ ਮਾਨਸਿਕ ਜਾਂ ਸਰੀਰਕ ਤੌਰ 'ਤੇ ਕਿਸੇ ਜੱਦੋ-ਜਹਿਦ ਜਾਂ ਸੰਘਰਸ਼ ਵਿੱਚੋਂ ਗੁਜਰਦੇ ਹਨ। ਇਹਨਾਂ ਪਾਤਰਾਂ ਦੀ ਕੋਈ ਨਾ ਕੋਈ ਸਰੀਰਕ ਜਾਂ ਮਾਨਸਿਕ ਕਾਮਨਾ ਹੈ ਜਿਸਦੀ ਤ੍ਰਿਪਤੀ ਲਈ ਸੰਘਰਸ਼ ਜਾਂ ਜੱਦੋ-ਜਹਿਦ ਕਰਨਾ ਉਹਨਾਂ ਲਈ ਅੰਤਿਮ ਸੱਚ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਬੰਦੇ ਦੀ ਕਾਮਨਾ ਤ੍ਰਿਪਤ ਨਾ ਹੋਣ ਦੀ ਸੂਰਤ ਵਿੱਚ ਉਸਦੀ ਤੜਪ ਜਾਂ ਭਟਕਣ ਇੱਕ ਸਮੇਂ ਜਾਂ ਸਥਿਤੀ 'ਤੇ ਆ ਕੇ ਐਨਾ ਭਿਆਨਕ ਜਾਂ ਵਿਕਰਾਲ ਰੂਪ ਧਾਰਨ ਕਰ ਲੈਂਦੀ ਹੈ ਕਿ ਉਸਦਾ ਵਿਸਫ਼ੋਟ ਹੋਣਾ ਲਾਜ਼ਮੀ ਹੈ। ਕਾਮਨਾਵਾਂ ਦੀ ਅਤ੍ਰਿਪਤੀ ਲਈ ਭਟਕਣ ਦਾ ਵਿਕਰਾਲ ਰੂਪ ਹੀ ਉਹ ਅੱਗ ਹੈ ਜਿਸਦੀ ਗੱਲ ਕੁੱਸਾ ਆਪਣੇ ਨਾਵਲ **ਅੱਗ ਦਾ ਗੀਤ** ਵਿੱਚ ਕਰਦਾ ਹੈ। ਨਾਵਲ ਵਿੱਚ ਵਿਆਪਤ ਇਹ ਅੱਗ ਉਹੀ ਅੱਗ ਹੈ ਜੋ ਕਦੇ ਸੈਕਸ ਦਾ, ਕਦੇ ਅਣਖ ਦਾ, ਕਦੇ ਸਾੜੇ ਦਾ, ਕਦੇ ਇਨਕਲਾਬ ਦਾ ਰੂਪ ਧਾਰਨ ਕਰ ਪੇਸ਼ ਹੁੰਦੀ ਹੈ। ਗੱਲ ਕਿ ਨਾਵਲ ਵਿੱਚ ਹਰ ਪਾਸੇ ਇਹੋ ਜਿਹੀ ਅੱਗ ਭਾਵ ਅਗਨੀ ਦਾ ਸੇਕ ਮਿਲਦਾ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਨਾਵਲਕਾਰ ਅਧਿਆਤਮਕ ਸੱਚ ਨਾਲੋਂ ਦੇਹ ਦੇ ਸੱਚ ਜਾਂ ਅੱਗ ਨੂੰ ਵਧੇਰੇ ਸ਼ਕਤੀਸ਼ਾਲੀ ਸਿੱਧ ਕਰਨ ਵੱਲ ਰੁਚਿਤ ਹੈ।

ਨਾਵਲ **ਅੱਗ ਦਾ ਗੀਤ** ਦੇ ਪਾਤਰਾਂ ਵਿੱਚ ਦੇਹੀ ਕਾਮਨਾਵਾਂ ਦੀ ਤ੍ਰਿਪਤੀ ਵਾਲੀ ਅੱਗ ਵਿਭਿੰਨ ਰੂਪਾਂ ਵਿੱਚ ਸਮਾਈ ਹੋਈ ਹੈ। ਇਹਨਾਂ ਵਿਭਿੰਨ ਰੂਪਾਂ ਦੀ ਥਾਹ ਪਾਉਣ ਲਈ ਨਾਵਲ ਦੇ ਪਾਤਰਾਂ ਨੂੰ ਵੱਖ-ਵੱਖ ਸ਼੍ਰੇਣੀਆਂ/ਭਾਗਾਂ ਵਿੱਚ ਵੰਡ ਕੇ ਸਮਝਣਾ ਪੈਣਾ ਹੈ। ਇਸ ਲਈ ਨਾਵਲ ਦੇ ਪਾਤਰਾਂ ਨੂੰ ਚਾਰ ਵਿਸ਼ੇਸ਼ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ ਜਿਵੇਂ ਦਲਿਤ ਸ਼੍ਰੇਣੀ,ਜੱਟ ਸ਼੍ਰੇਣੀ, ਬ੍ਰਾਹਮਣ ਸ਼੍ਰੇਣੀ ਅਤੇ ਨੌਜਵਾਨ ਸਭਾ ਦੇ ਮੈਂਬਰ। ਦਲਿਤ ਵਰਗ ਵਿੱਚੋਂ ਜੋ ਪਾਤਰ ਕਾਰਜੀ ਮਹੱਤਵ ਵਾਲੇ ਹਨ, ਉਹਨਾਂ ਵਿੱਚ ਦੇਬੂ, ਗੀਰੋ, ਪਿਆਰੋ, ਪ੍ਰੀਤੂ, ਕਰਤਾਰੋ, ਲੱਛੀ, ਜੀਤੂ, ਧੰਮੀ ਆਦਿ ਹਨ। ਇਹਨਾਂ ਵਿੱਚੋਂ ਦੇਬੂ ਇੱਕ ਅਜਿਹਾ ਪਾਤਰ ਹੈ ਜਿਹੜਾ ਸਰੀਰਕ ਪੱਖੋਂ ਤਗੜਾ ਹੋਣ ਕਾਰਨ ਸਰਦੇ ਪੁੱਜਦੇ ਜੱਟਾਂ ਦੀ ਖਿੱਚ ਦਾ ਕੇਂਦਰ ਹੈ, ਅਤੇ ਉਹ ਉਸਨੂੰ ਆਪਣੇ ਨਾਲ ਸੀਰੀ ਰਲਾਉਣ ਨੂੰ ਤਰਜ਼ੀਹ ਦਿੰਦੇ ਹਨ।ਦੇਬੂ ਆਪਣੇ ਬਾਹੂਬਲ,ਸਿਰੜ,ਮਿਹਨਤੀ ਸੁਭਾਅ,ਸੁਡੌਲ ਦਿੱਖ ਅਤੇ ਇਮਾਨਦਾਰੀ ਦੇ ਸਿੱਟੇ ਵਜੋਂ ਪਿੰਡ ਦੀ ਸ਼ਾਨ ਬਣਦਾ ਹੈ। ਉਸ ਅੰਦਰ ਅੱਗ ਵਾਂਗ ਲਾਟਾਂ ਮਾਰਦਾ ਲੋਹੜੇ ਦਾ ਜ਼ੋਰ ਹੈ ਜਿਸ ਸਦਕਾ ਉਹ ਭਾਰੀ ਲਟੈਣ ਜਿਸਨੂੰ ਕਈ ਬੰਦੇ ਨਹੀਂ ਚੁੱਕ ਸਕਦੇ, ਡੱਕੇ ਵਾਂਗ ਪਰਾਂਹ ਵਗਾਹ ਕੇ ਮਾਰਦਾ ਹੈ। ਉਸਦੀ ਜਵਾਨੀ ਦੇ ਇਸ ਜੋਸ਼ ਨੂੰ ਵੇਖਕੇ ਨਾਵਲ ਦੇ ਇੱਕ ਪਾਤਰ ਬਚਨੇ ਮਾਉਂ ਦੇ ਮੂਹੋਂ ਇਹ ਬੋਲ ਆਪ ਮੁਹਾਰੇ ਨਿਕਲ ਜਾਂਦੇ ਹਨ, *"ਅਸ਼ਕੇ ਉਇ ਤੇਰੇ ਜੰਮਣ ਆਲੀ ਦੇ ਮੁੰਡਿਆ, ਜੀਹਨੇ ਗਾਮਾ ਪੁੱਤ ਜੰਮ ਕੇ ਪਹੇਵੇ 'ਚ ਖਲੋਣ ਜੋਗੀ ਕਰ-ਤਾ।"*[2]

*ਦੇਬੂ ਸੋਹਣਾ ਸੁਨੱਖਾ ਗੱਭਰੂ ਹੈ, ਪੁੱਜ ਕੇ ਸ਼ੌਕੀਨੀ ਲਾਉਂਦਾ ਹੈ,ਚਾਦਰਾ ਪਾਉਂਦਾ ਹੈ, ਮੜਕ ਨਾਲ ਤੁਰਦਾ ਹੈ। ਉਸਦੇ ਅੱਗ ਵਾਂਗ ਮਘਦੇ ਜੁੱਸੇ ਨੂੰ ਵੇਖ ਕੁੜੀਆਂ ਉਸਨੂੰ ਦੋਸ਼ ਦੇਣੋਂ ਨਹੀਂ ਹਟਦੀਆਂ ਤੇ ਕਹਿੰਦੀਆਂ ਹਨ, "ਚੂਹੜਾ ਕੀ ਤੇ ਗੋਰਾ ਰੰਗ ਕੀ? ਇਹਦੀ ਮਾਂ ਵਹਿਲ ਹੋਊ। ਪੂਰੀ ਬਹੇਲ !- ਰੰਨ ਨੇ ਕਿਸੇ ਜੱਟ ਦਾ ਘਰ ਪੱਟਿਆ ਹੋਊ।"*[3]

ਜਦੋਂ ਦੇਬੂ ਜਵਾਨ ਹੋ ਜਾਂਦਾ ਹੈ ਤਾਂ ਉਸਦਾ ਵਿਆਹ ਪਿਆਰੋ ਲਾਲ ਹੋ ਜਾਂਦਾ ਹੈ।ਪਿਆਰੋ ਦੀ ਕਰੂਪਤਾ ਦੇਬੂ ਦੇ ਸਾਰੇ ਚਾਵਾਂ ਨੂੰ ਨਿਰਾਸ਼ਤਾ ਵਿੱਚ ਤਬਦੀਲ ਕਰ ਦਿੰਦੀ ਹੈ। ਮੋਟੇ-ਮੋਟੇ ਨੈਣ ਨਕਸ਼ਾਂ ਤੇ ਚੰਗੀ ਭਾਰੀ ਪਾਥੀ ਵਰਗੀ ਪਿਆਰੋ ਉਸਨੂੰ ਕਿਸੇ ਤਰਖਾਣ ਦੁਆਰਾ ਘੜੇ ਬੁੱਤ ਵਾਂਗ ਲੱਗਦੀ ਹੈ। ਉਸ ਨੂੰ ਦੇਖ ਦੇਬੂ ਦੇ ਚਿੱਤ 'ਚ ਕਚਿਆਣ ਪੈਦਾ ਹੁੰਦੀ ਹੈ ਇਸ ਲਈ ਪੇਕੇ ਗਈ ਪਿਆਰੋ ਨੂੰ ਉਹ ਢਾਈ ਸਾਲ ਤੱਕ ਮੁੜਕੇ ਲੈਣ ਨਹੀਂ ਜਾਂਦਾ। ਆਖਰ ਪੰਚਾਇਤ ਵਿੱਚ ਉਹਨਾਂ ਦਾ ਨਬੇੜਾ ਹੋ ਜਾਂਦਾ ਹੈ ਤੇ ਪਿਆਰੋ ਕਿਸੇ ਲੋੜਬੰਦ ਦੇ ਘਰ ਜਾ ਵਸਦੀ ਹੈ।

'ਪਿੰਡ ਦੀ ਸ਼ਾਨ' ਸਮਝੇ ਜਾਂਦੇ ਦੇਬੂ ਦਾ ਦੂਜਾ ਵਿਆਹ 'ਸੁਲਫ਼ੇ ਦੀ ਲਾਟ' ਵਰਗੀ ਗੀਰੋ ਨਾਲ ਹੁੰਦਾ ਹੈ। ਦੇਬੂ ਤੇ ਗੀਰੋ ਦੀ ਜੋੜੀ ਦੀਆਂ ਪਿੰਡ ਵਿੱਚ 'ਸੁੱਚੇ ਮੋਤੀ ਪੁੰਨ ਕਰਨ' ਤੇ ਬਣਣ ਵਾਲੀ ਜੋੜੀ ਵਾਂਗ ਗੱਲਾਂ ਹੁੰਦੀਆਂ ਹਨ। ਉਹ ਦੋਵੇਂ ਆਪਣੀ ਜ਼ਿੰਦਗੀ ਦੀ ਤੋਰ ਨੂੰ ਖੁਸ਼ੀਆਂ ਨਾਲ ਬਤੀਤ ਕਰਨ ਲਈ ਸਖ਼ਤ ਮਿਹਨਤ ਕਰਦੇ ਹਨ ਅਤੇ ਚੰਗੇਰੇ ਭਵਿੱਖ ਲਈ ਸੁਪਨੇ ਸਿਰਜਦੇ ਹਨ। ਪਰ ਜਿਵੇਂ ਕਹਿੰਦੇ ਹਨ ਕਿ ਦਿਨ ਸਦਾ ਇੱਕੋ ਜਿਹੇ ਨਹੀਂ ਰਹਿੰਦੇ। ਦੇਬੂ ਨਾਲ ਵੀ ਇਹੋ ਵਾਪਰਦਾ ਹੈ। ਉਸਦੇ ਪਰਿਵਾਰ ਦੀਆਂ ਖੁਸ਼ੀਆਂ ਨੂੰ ਖੋਰਾ ਲਾਉਣ ਦੀ ਸ਼ੁਰੂਆਤ ਹਾਕਮ ਸਿੰਘ ਕਰਦਾ ਹੈ। ਉਹ ਦੇਬੂ ਤੋਂ ਜਿਆਦਾ ਕੰਮ ਲੈਣ ਲਈ ਦੇਬੂ ਦੇ ਮਨਾ ਕਰਨ ਦੇ ਬਾਵਜੂਦ ਵੀ ਉਸਦੀ ਚਾਹ ਵਿੱਚ ਅਫ਼ੀਮ ਘੋਲ ਕੇ ਦੇਣ ਲੱਗ ਜਾਂਦਾ ਹੈ। ਦੇਬੂ ਨੂੰ ਪਤਾ ਉਦੋਂ ਲੱਗਦਾ ਹੈ ਜਦੋਂ ਇਹ ਅਫ਼ੀਮ ਉਸਦੇ ਹੱਡਾਂ ਵਿੱਚ ਰਚ ਜਾਂਦੀ ਹੈ। ਹੁਣ ਇਸ ਤੋਂ ਬਿਨਾਂ ਦੇਬੂ ਨੂੰ ਕੰਮ ਕਰਨਾ ਔਖਾ ਹੋ ਜਾਂਦਾ ਹੈ। ਰੋਜ਼ ਢਾਈ ਰੁਪਏ ਦੀ ਅਫ਼ੀਮ ਖਾਣ ਕਾਰਨ ਉਸਦਾ ਹੱਥ ਆਰਥਿਕ ਪੱਖੋਂ ਤੰਗ ਹੋ ਜਾਂਦਾ ਹੈ ਇਸ ਲਈ ਵਧੇਰੇ ਕਮਾਈ ਦੇ ਲਾਲਚ ਵਸ ਉਹ ਆਪਣਾ ਸੀਰ ਬਦਲ ਕੇ ਸ਼ੇਰੂ ਕਿਆਂ ਦੇ ਵੱਡੇ ਲਾਣੇ ਨਾਲ ਜਾ ਰਲ਼ਦਾ ਹੈ। ਇੱਥੇ ਉਸ ਨਾਲ ਇੱਕ ਅਣਹੋਣੀ ਹੋਰ ਵਾਪਰ ਜਾਂਦੀ ਹੈ। ਸਖ਼ਤ ਕੰਮ ਕਰਦਿਆਂ ਅਤੇ ਉਨੀਂਦਰੇ ਹੋਣ ਕਾਰਨ ਥਰੈਸ਼ਰ ਵਿੱਚ ਆ ਕੇ ਉਸਦੀ ਬਾਂਹ ਕੱਟ ਜਾਂਦੀ ਹੈ।ਬੀਰ ਸਿਉਂ ਕਿਆਂ ਤੋਂ ਉਸਨੂੰ ਮਦਦ ਦੀ ਉਮੀਦ ਹੁੰਦੀ ਹੈ ਪਰੰਤੂ ਹਸਪਤਾਲ 'ਚੋਂ ਘਰ ਆਏ ਦੇਬੂ ਨਾਲ ਉਹਨਾਂ ਦਾ ਵਿਹਾਰ ਬਦਲ ਜਾਂਦਾ ਹੈ। ਨਿਰਾਸ਼ ਹੋਇਆ ਦੇਬੂ ਪੰਚਾਇਤ 'ਚ ਇਨਸਾਫ਼ ਦੀ ਮੰਗ ਕਰਦਾ ਹੈ ਪਰ ਉਸਨੂੰ ਕਿਧਰੇ ਵੀ ਇਨਸਾਫ਼ ਨਹੀਂ ਮਿਲਦਾ।

ਅਪੰਗ ਹੋ ਜਾਣ ਤੋਂ ਬਾਅਦ ਨਸ਼ਿਆਂ ਦੀ ਪੂਰਤੀ ਤਾਂ ਦੂਰ ਦੀ ਗੱਲ, ਦੇਬੂ ਰੋਟੀ ਤੋਂ ਵੀ ਆਤੁਰ ਹੋ ਜਾਂਦਾ ਹੈ। ਪਰਿਵਾਰ ਦੀ ਨਿੱਘਰਦੀ ਹਾਲਤ ਤੋਂ ਬੇਬਸ ਹੋਇਆ ਦੇਬੂ ਅਫ਼ੀਮ ਛੱਡਣ ਦੀ ਕੋਸ਼ਿਸ਼ ਕਰਦਾ ਹੈ। ਕੁਝ ਦਿਨ ਬਿਮਾਰ ਰਹਿਣ ਤੋਂ ਬਾਅਦ ਉਸਦੀ ਅਫ਼ੀਮ ਛੁੱਟ ਜਾਂਦੀ ਹੈ। ਉਹ ਮੰਗਤਾ ਬਣਨ ਨਾਲੋਂ ਅਣਖ ਨਾਲ ਜਿਉਣਾ ਚਾਹੁੰਦਾ ਹੈ। ਇਸ ਲਈ ਉਹ ਸੌ ਰੁਪਏ ਮਹੀਨੇ ਤੇ ਬਲਕਾਰ ਸਿੰਘ ਦੀ ਚੱਕੀ 'ਤੇ ਲੱਗ ਜਾਂਦਾ ਹੈ ਪਰ ਇੱਥੇ ਕੰਮ ਕਰਦਿਆਂ ਬਲਕਾਰ ਦੇ ਭਰਾ ਹਰਨਾਮ ਦੁਆਰਾ ਦਿੱਤੀਆਂ ਜਾਂਦੀਆਂ ਗਾਲ੍ਹਾਂ ਉਸਨੂੰ ਮਜ਼ਬੀ ਦੀ 'ਨਫ਼ਿੱਟ ਜੂਨ' ਵਾਲੇ ਦੁਖਾਂਤ ਦਾ ਅਹਿਸਾਸ ਕਰਵਾਉਂਦੀਆਂ ਹਨ।ਹਰਨਾਮ ਨੂੰ ਆਪਣੇ ਅੰਦਰ ਬਾਕੀ ਪਈ ਕੰਮ ਕਰਨ ਦੀ ਤਾਕਤ ਰੂਪੀ ਅੱਗ ਨੂੰ ਦਰਸਾ ਵੱਧ ਕੰਮ ਕਰਨ ਦੇ ਚੱਕਰ 'ਚ ਦੇਬੂ ਇੱਕ ਵਾਰ ਫੇਰ ਡੋਡੇ ਪੀਣ ਲੱਗ ਜਾਂਦਾ ਹੈ। ਨਸ਼ੇ ਦੀ ਪੂਰਤੀ ਨਾ ਹੋਣ ਕਾਰਨ ਉਹ ਸੌ ਰੁਪਏ ਦੇ ਲਾਲਚ 'ਚ ਆ ਕੇ ਗੀਰੋ ਨੂੰ ਬਿਨਾਂ ਦੱਸਿਆਂ ਆਪਣੀ ਨਾੜੀ ਕਟਵਾ ਨਿਪੁੰਸਕ ਹੋ ਜਾਂਦਾ ਹੈ। ਇਸ ਲਈ ਉਹ ਗੀਰੋ ਨਾਲ ਬੇਰੁਖੀ ਵਾਲਾ ਵਿਹਾਰ ਕਰਨਾ ਆਰੰਭ ਕਰ ਦਿੰਦਾ ਹੈ। ਜਿਸਦਾ ਨਤੀਜਾ ਇਹ ਨਿਕਲਦਾ ਹੈ ਕਿ ਇਕੱਲਤਾ ਵਿੱਚ ਘਿਰੀ ਗੀਰੋ ਪਿੰਡ ਦੇ ਛੜੇ ਜੱਟ ਤੋਤੇ ਦੇ ਸੰਪਰਕ ਵਿੱਚ ਆ ਉਸ ਤੋਂ ਗਰਭਵਤੀ ਹੋ ਜਾਂਦੀ ਹੈ। ਪਰਿਵਾਰ ਵਿੱਚ ਝਗੜਾ ਵੱਧਦਾ ਹੈ। ਦੁਖੀ ਹੋਈ ਗੀਰੋ ਦੇਬੂ ਦੀ ਭੂਆ ਦੇ ਪੁੱਤ ਧੰਮੀ ਦੇ ਘਰ ਜਾ ਵਸਦੀ ਹੈ। ਗੀਰੋ ਨੂੰ ਵਾਪਸ ਲਿਆਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਵਿੱਚ ਅਸਫ਼ਲ ਹੋਇਆ ਦੇਬੂ ਅਖੀਰ 'ਤੇ ਹਿੰਮਤ ਨਹੀਂ ਹਾਰਦਾ ਬਲਕਿ ਉਸ ਅੰਦਰ ਸਾਲਾਂ ਦੀ ਸ਼ਾਂਤ ਪਈ ਅੱਗ ਗੀਰੋ ਉੱਪਰ ਲਾਵਾ ਬਣ ਫੁੱਟ ਪੈਂਦੀ ਹੈ, *"ਕਮਜਾਤੇ !ਐਂ ਮੈਂ ਮਰ-ਜੂੰ ! - ਐਂ ਨੀਂ ਮਰਦਾ ! ਬੇਫਿਕਰ ਰਹਿ ! -ਤੇਰੀ ਮਾਂ ਨੂੰ-...! ਤੇਰੀ ਹਿੱਕ 'ਤੇ ਸਾਵਾਂ ਪਿੱਪਲ ਗੱਡ ਕੇ ਵਿਖਾਊਂ! ਤੂੰ ਤਾਂ ਮੈਨੂੰ ਆਪਦੇ ਜਾਣੀ ਮਾਰਕੇ ਮਕਾ-ਤਾ! -ਪਰ ਮੈਂ ਤਾਂ ਤੇਰਾ ਪਤੰਦਰ ਅਜੇ ਜਿਉਂਦਾ ਜਾਗਦਾ ਬੈਠਾ ਆਂ ! ...ਕੁੱਤੀਏ, ਬੰਦੇ ਐਂ ਮੁੱਕ ਜਾਂਦੇ ਹੁੰਦੇ ਐ ! ਨਾਲੇ ਚੂਹੜੇ ਦਾ ਪੁੱਤ ! ਅਸੀਂ ਦੂਜਿਆ ਨੂੰ ਮਾਰ ਕੇ ਨਾ ਰੱਜੀਏ ! ...ਐਂ ਮਰਨ ਆਲੇ ਹੁੰਦੇ ! ਅਸੀਂ ਤਾਂ ਕਦੋਂ ਦੇ ਮਰ ਜਾਂਦੇ! ... ਤੈਨੂੰ ਐਥੇ, ਐਸੇ ਥਾਂ ! ਸਿਉਨੇ ਦਾ ਮਹਿਲ ਉਸਾਰ ਕੇ ਵਿਖਾਊਂ? ਫੇਰ ਜੇ ਨਾ ਬੂਹਕਦੀ ਫਿਰੀ! ਮੇਰਾ ਨਾਂ ਵਟਾ-ਦੀਂ! ਹਾਂਅ!"*[4]

ਦਲਿਤ ਪਾਤਰਾਂ ਵਿੱਚੋਂ ਗੀਰੋ ਦੇਬੂ ਦੀ ਦੂਜੀ ਪਤਨੀ ਹੈ। ਗੀਰੋ ਦੀ ਸਹੁਰੇ ਪਿੰਡ ਆਉਣ ਤੇ ਬੜੀ ਪ੍ਰਸ਼ੰਸਾ ਹੁੰਦੀ ਹੈ।ਉਸਦੀ ਸੁੰਦਰਤਾ ਦੀ ਪਿੰਡ ਵਿੱਚ ਐਨੀ ਧੁੰਮ ਮੱਚਦੀ ਹੈ ਕਿ ਲੋਕ ਉਸ ਲਈ ਗੈਸ ਵਰਗੀ ਕੁੜੀ ਜਿਹੇ ਵਿਸ਼ੇਸ਼ਣ ਵਰਤਦੇ ਹਨ।ਦੇਬੂ ਉਸ ਨਾਲ ਰਜਵਾਂ ਮੋਹ ਕਰਦਾ ਹੈ। ਉਹ ਗੀਰੋ ਦੇ ਸਾਰੇ ਸ਼ੌਕ ਪੁਗਾਉਣਾ ਲੋਚਦਾ ਹੈ। ਉਹ ਉਸਨੂੰ ਮੇਲਾ ਦਿਖਾਉਣ ਲੈ ਕੇ ਜਾਂਦਾ ਹੈ ਅਤੇ ਉਹ ਹਰ ਸ਼ੈਅ ਜੋ ਉਸਦੀ ਪਹੁੰਚ ਵਿੱਚ ਹੁੰਦੀ ਹੈ ਗੀਰੋ ਨੂੰ ਲੈ ਕੇ ਦੇਣ ਤੋਂ ਇਨਕਾਰੀ ਨਹੀਂ ਹੁੰਦਾ। ਦੇਬੂ ਦੇ ਲਾਡ ਪਿਆਰ ਕਾਰਨ ਉਹ ਜਲਦ ਹੀ ਆਪਣੀ ਜਠਾਣੀ ਕਰਤਾਰੋ ਨੂੰ ਟਿੱਚ ਸਮਝਣ ਲੱਗ ਪੈਂਦੀ ਹੈ। ਮੜਕ ਨਾਲ ਜ਼ਿੰਦਗੀ ਜਿਉਣ ਵਾਲੀ ਜ਼ੋਬਣ ਮੱਤੀ ਮੁਟਿਆਰ ਗੀਰੋ ਦੀ ਜਵਾਨੀ ਵਾਲੀ ਅੱਗ ਦਾ ਸੇਕ ਮਾਨਣ ਦੀ ਕਈ ਮੁੰਡੇ ਇੱਛਾ ਕਰਦੇ ਹਨ। ਉਸਦੇ

ਪੇਕੇ ਪਿੰਡ ਦਾ ਮੁੰਡਾ ਸੀਰਾ, ਪਾੜ੍ਹਾ ਭੂਰਾ ਅਤੇ ਤੋਤੀ ਉਸ ਨਾਲ ਜਿਨਸੀ ਸਬੰਧ ਬਨਾਉਣ ਲਈ ਉਸਨੂੰ ਉਕਸਾਉਂਦੇ ਹਨ ਪਰ ਅਣਖੀ ਸੁਭਾਅ ਵਾਲੀ ਗੀਰੋ ਉਹਨਾਂ ਸਭਨਾ ਤੋਂ ਬਚਣ ਦਾ ਯਤਨ ਕਰਦੀ ਹੈ। ਗੀਰੋ ਮਿਹਨਤ ਮਜ਼ਦੂਰੀ ਕਰਕੇ ਸਮਾਂ ਲੰਘਾਉਣ ਵਾਲੀ ਔਰਤ ਹੈ। ਕਿਸੇ ਅੱਗੇ ਨੀਵੀਂ ਹੋ ਕੇ ਲੋਕਾਂ ਦਾ ਮਤਰਿਆਲ ਆਪਣੇ ਸਿਰ 'ਤੇ ਚੁੱਕਣ ਲਈ ਉਹ ਤਿਆਰ ਨਹੀਂ। ਉਹ ਪਰਿਵਾਰ ਤੇ ਆਏ ਮਾੜੇ ਦਿਨਾਂ ਵਿੱਚ ਟੁੱਟਦੀ ਨਹੀਂ ਬਲਕਿ ਹਿੱਕ ਡਾਹ ਕੇ ਦੇਬੂ ਦੀ ਢਾਲ ਬਣਦੀ ਹੈ।ਉਹ ਦੇਬੂ ਨੂੰ ਕੋਈ ਪਰਵਾਹ ਕਰੇ ਬਿਨਾਂ ਬੈਠ ਕੇ ਖਾਣ ਦਾ ਹੌਂਸਲਾ ਦਿੰਦੀ ਹੈ। ਪਰ ਦੇਬੂ ਉਸਦੀ ਉਮੀਦ ਤੇ ਖ਼ਰਾ ਨਹੀਂ ਉੱਤਰ ਪਾਉਂਦਾ ਅਤੇ ਨਸ਼ਿਆਂ ਦਾ ਆਦੀ ਹੋ ਜਾਂਦਾ ਹੈ। ਘਰ ਦੀ ਆਰਥਕ ਤੰਗੀ ਅਤੇ ਦੇਬੂ ਦੁਆਰਾ ਦਿੱਤੀ ਇਕੱਲਤਾ ਤੇ ਬੇਰੁਖੀ ਤੋਂ ਮਜਬੂਰ ਹੋ ਕੇ ਗੀਰੋ ਤੋਤੀ ਅੱਗੇ ਸਮਰਪਣ ਕਰ ਦਿੰਦੀ ਹੈ।ਉਸਦੇ ਪਰਿਵਾਰ ਦੀ ਪੇਟ ਵਾਲੀ ਅੱਗ ਉਸਦੀ ਅਣਖ ਦੀ ਅੱਗ ਤੇ ਭਾਰੂ ਪੈ ਜਾਂਦੀ ਹੈ। ਉਸਨੂੰ ਲੱਗਦਾ ਹੈ ਕਿ ਇਹ ਗੱਲ ਢਕੀ ਰਹਿ ਜਾਵੇਗੀ ਪਰ ਦੁਖਾਂਤ ਦਾ ਸਿਖਰ ਉਦੋਂ ਵਾਪਰਦਾ ਹੈ ਜਦੋਂ ਉਸਨੂੰ ਪਤਾ ਲਗਦਾ ਹੈ ਕਿ 'ਸੌ' ਰੁਪਏ ਦੇ ਲਾਲਚ ਬਦਲੇ ਦੇਬੂ ਆਪਣੀ ਨਾੜੀ ਕਟਵਾ ਚੁੱਕਾ ਹੈ। ਗੀਰੋ ਨੂੰ ਆਪਣੇ ਗੁਨਾਹ ਦਾ ਪਸ਼ਚਾਤਾਪ ਹੁੰਦਾ ਹੈ। ਉਸਨੇ ਤੋਤੀ ਨਾਲ ਜਿਹੜੇ ਸਬੰਧ ਬਣਾਏ ਸਨ ਉਹ ਦੇਹ ਦੀ ਅੱਗ ਬੁਝਾਉਣ ਲਈ ਨਹੀਂ ਬਲਕਿ ਪਰਿਵਾਰ ਦੇ ਪੇਟ ਦੀ ਅੱਗ ਬੁਝਾਉਣ ਲਈ ਬਣਾਏ ਸਨ। ਉਹ ਆਪਣੇ-ਆਪ ਨੂੰ ਧਰਮ ਤੋਂ ਹਾਰ ਗਈ ਮਹਿਸੂਸ ਕਰਦੀ ਹੈ। ਇਸੇ ਲਈ ਦੇਬੂ ਦੇ ਮਿਹਣਿਆਂ ਤੋਂ ਦੁਖੀ ਹੋਈ ਗੀਰੋ ਉਸਦੇ ਹੁਸਨ ਦਾ ਲੁਤਫ਼ ਮਾਨਣ ਵਾਲੇ ਤੋਤੇ ਦੇ ਘਰ ਵਸਣ ਲਈ ਚਲੀ ਜਾਂਦੀ ਹੈ:

*"ਢੋਲ ਜਿਹੜਾ ਵੱਜਣਾ ਸੀ, ਵੱਜ ਗਿਆ! ਹੁਣ ਆਪਾਂ ਇਹਨਾ ਕੁੱਤੇ ਲੋਕਾਂ ਨੂੰ ਸੱਚ ਕਰਕੇ ਵੀ ਵਿਖਾ-ਦੀਏ! ...*

*ਮੈ ਤੇਰੇ ਘਰ ਆ ਜਾਨੀ ਆਂ! ਐਨ ਸਿਰ ਖੁਦ ਤੇਰੀ ਬਣਕੇ।"*[5]

*"ਸੁੱਝੀ ਬੜੀ, ਸਾਲੀ ਝੜੱਤ ਨੂੰ !ਮਖਿਆਂ ਕੀ ਔਝੜ ਪੈ-ਗੀ ! ਅਖੇ ਮੈਂ ਤੇਰੇ ਘਰ ਆ ਜਾਨੀਆਂ।ਜੇ ਛੜੇ ਆਂ !*

*ਤਾਂ ਕੀ ਹੋ ਗਿਆ !ਹਾਂ ਤਾਂ ਜੱਟ ! ਜੇ ਜਮੀਨ ਘੱਟ ਐ ਤਾਂ ! ਮਾਂ ਦੀ ...*

*ਲੈ ਖੜਕੇ! ਮੈਂ ਤੈਥੋਂ ਪੇਹਲੇ ਲੈਣੇ ਐਂ! ...ਤੇਰੇ ਵਰਗੀਆਂ ਹੋਰ ਬਥੇਰੀਆਂ।"*[6]

ਗੀਰੋ ਤੋਤੇ ਦੀ 'ਜੱਟਾਂ' ਵਾਲੀ ਉੱਚ ਸਥਿਤੀ ਦੀ ਹਿਰਸ ਤੋਂ ਨਿਰਾਸ਼ ਹੋ ਕੇ ਦੇਬੂ ਦੇ ਰਿਸ਼ਤੇਦਾਰ ਧੰਮੀ ਦੇ ਘਰ ਵਸ ਜਾਂਦੀ ਹੈ।

ਦਲਿਤ ਪਾਤਰਾਂ ਵਿੱਚੋਂ ਪਿਆਰੋ, ਪ੍ਰੀਤੂ, ਕਰਤਾਰੋ, ਲੱਛੀ ਤੇ ਧੰਮੀ ਗੌਣ ਪਾਤਰ ਹਨ ਇਸ ਲਈ ਨਾਵਲ ਵਿੱਚ ਇਹਨਾਂ ਦਾ ਜ਼ਿਕਰ ਬਹੁਤਾ ਨਹੀਂ ਆਉਂਦਾ। ਪਿਆਰੋ ਦੇਬੂ ਦੇ ਘਰ ਆਉਣ ਵਾਲੀ ਉਸਦੀ ਪਹਿਲੀ ਪਤਨੀ ਹੈ। ਉਸਨੂੰ ਕੁਸ਼ੈਲ ਕਿਸਮ ਦੀ ਔਰਤ ਦੱਸਿਆ ਗਿਆ ਹੈ ਜੋ ਸਰੀਰਕ ਤੌਰ ਤੇ ਗਹੀਰੇ ਵਰਗੀ ਪਾਥੀ ਵਰਗੀ ਜਾਂ ਤਰਖਾਣ ਦੁਆਰਾ ਘੜੇ ਹਨੂਮਾਨ ਦੇ ਬੁੱਤ ਵਾਂਗ ਜਾਪਦੀ ਹੈ। ਦੇਬੂ ਦੇ ਪਸੰਦ ਨਾ ਹੋਣ ਕਾਰਨ ਉਸਨੂੰ ਢਾਈ ਸਾਲ ਬਾਅਦ ਕਿਸੇ ਹੋਰ ਘਰ ਤੋਰ ਦਿੱਤਾ ਜਾਂਦਾ ਹੈ। ਉਹ ਬਹੁਤੀ ਚੁਸਤ ਚਾਲਾਕ ਨਹੀਂ। ਉਹ ਭੋਲੀ-ਭਾਲੀ ਔਰਤ ਹੈ। ਉਹ ਦੇਬੂ ਦੇ ਪਰਿਵਾਰ ਨਾਲ ਕੋਈ ਗਿਲਾ ਸ਼ਿਕਵਾ ਨਹੀਂ ਕਰਦੀ ਬਲਕਿ ਸੰਕਟ ਸਮੇਂ ਉਹਨਾਂ ਦਾ ਦਰਦ ਵੰਡਾਉਣ ਆਉਂਦੀ ਹੈ। ਪ੍ਰੀਤੂ ਦੇਬੂ ਦਾ ਵੱਡਾ ਭਰਾ ਹੈ ਅਤੇ ਉਹ ਦੇਬੂ ਨਾਲ ਭਰਾਵਾਂ ਵਾਲਾ ਪਿਆਰ ਬਣਾਈ ਰੱਖਦਾ ਹੈ। ਉਹ ਕਬੀਲਦਾਰੀ ਦੇ ਧੰਦਿਆਂ 'ਚ ਰੁਝਿਆ ਰਹਿਣ ਵਾਲਾ ਪਾਤਰ ਹੈ। ਉਹ ਘਰ ਦੀਆਂ ਔਰਤਾਂ ਦੇ ਪਿੱਛੇ ਲੱਗ ਘਰ ਵਿਗਾੜਨ ਵਾਲਾ ਬੰਦਾ ਨਹੀਂ। ਕਰਤਾਰੋ ਦੇਬੂ ਦੀ ਵੱਡੀ ਭਰਜਾਈ ਹੈ। ਦੇਬੂ ਦੇ ਵਿਆਹ ਤੱਕ ਤਾਂ ਉਹ ਘਰ ਦੀ ਮੁਖਤਿਆਰਨ ਬਣਕੇ ਰਹਿੰਦੀ ਹੈ ਪਰ ਗੀਰੋ ਦੇ ਆਉਣ ਤੋਂ ਬਾਅਦ ਉਸਦਾ ਰੁਤਬਾ ਘੱਟ ਜਾਂਦਾ ਹੈ। ਇਸ ਲਈ ਉਹ ਗੀਰੋ ਨਾਲ ਆਢਾ ਲਾਈ ਰੱਖਦੀ ਹੈ। ਪਰ ਕਬੀਲਦਾਰੀ ਦਾ ਗੱਡਾ ਉਹ ਚੰਗੂੰ ਤੋਰੀ ਰੱਖਦੀ ਹੈ। ਲੱਛੀ ਪ੍ਰੀਤੂ ਦੀ ਕੁੜੀ ਹੈ ਜਿਹੜੀ ਕੁਆਰੀ ਹੁੰਦਿਆਂ ਹੀ ਇਸ਼ਕ ਦੀ ਅੱਗ 'ਚ ਪੈ ਕੇ ਗਰਭਵਤੀ ਹੋ ਜਾਂਦੀ ਹੈ।ਧੰਮੀ ਦੇਬੂ ਦੀ ਭੂਆ ਦਾ ਪੁੱਤ ਹੈ। ਉਹ ਦੇਬੂ ਦਾ ਸਰਵਾਲਾ ਬਣਦਾ ਹੈ ਤੇ ਅਖੀਰ ਤੇ ਗੀਰੋ ਨੂੰ ਆਪਣੇ ਘਰ ਵਸਾ ਲੈਂਦਾ ਹੈ।

ਨਾਵਲ ਵਿੱਚ ਅਗਨੀ ਦੇ ਸੇਕ ਨਾਲ ਲਬਰੇਜ਼ ਦੂਜੀ ਸ਼੍ਰੇਣੀ ਜੱਟ ਪਾਤਰਾਂ ਦੀ ਹੈ। ਇਹਨਾਂ ਜੱਟ ਪਾਤਰਾਂ ਵਿੱਚ ਜ਼ਿਆਦਾਤਾਰ ਪਾਤਰ ਕਾਮ ਵਾਸਨਾ ਦੇ ਭੁੱਖੇ ਹਨ ਜਿਹੜੇ ਦੂਜਿਆਂ ਦੀਆਂ ਔਰਤਾਂ ਉੱਪਰ ਹਵਸ ਪੂਰਤੀ ਵਾਲੀ ਨਜ਼ਰ ਬਣਾਈ ਰੱਖਦੇ ਹਨ। ਇਹਨਾਂ ਪਾਤਰਾਂ ਵਿੱਚ ਇੱਕੋ ਜੱਟ ਪਰਿਵਾਰ ਦੇ ਤਿੰਨ ਭਰਾ ਚੰਨਣ ਸਿੰਘ, ਗੁਰਮੇਲ ਸਿੰਘ ਤੇ ਮਿੱਠੂ ਹਨ। ਇਹਨਾਂ ਵਿੱਚੋਂ ਗੁਰਮੇਲ ਵਿਆਹਿਆ ਹੋਇਆ ਹੈ। ਮਿੱਠੂ ਦੀ ਮੰਗਣੀ ਗੁਰਮੇਲ ਦੀ ਸਾਲੀ ਨਾਲ ਹੋ ਚੁੱਕੀ ਹੈ ਤੇ ਚੰਨਣ ਅਣਵਿਆਹਿਆ ਰਹਿ ਜਾਂਦਾ ਹੈ। ਘਰ ਲੱਗੇ ਮਿਸਤਰੀ ਨਾਲ ਕੰਮ ਕਰਦਿਆਂ ਇੱਕ ਦਿਨ ਮਿੱਠੂ ਦੇ ਇੱਟਾਂ ਵਿੱਚੋਂ ਕੁਝ ਲੜ ਜਾਂਦਾ ਹੈ। ਉਸਦੀ ਮਾਂ ਚੰਦ ਕੌਰ ਹੱਥ-ਹੌਲਾ ਕਰਨ ਦੇ ਮਾਹਰ ਜੈਦੇਵ ਕੋਲ ਲੈ ਜਾਂਦੀ ਹੈ। ਇੱਥੇ ਹੀ ਮਿੱਠੂ ਦੀ ਨੇੜਤਾ ਜੈਦੇਵ ਦੀ ਪਤਨੀ ਸੱਤਿਆ ਨਾਲ ਹੋ ਜਾਂਦੀ ਹੈ। ਮਸ਼ਾਲ ਵਾਂਗ ਮੱਚਦੀ ਮੁਟਿਆਰ ਸੱਤਿਆ ਨੂੰ ਜੈਦੇਵ ਨੇ ਬੁਢਾਪੇ ਵਿੱਚ ਵਿਆਹ ਕੇ ਲਿਆਂਦਾ ਹੈ ਪਰ ਉਹ ਸੱਤਿਆਂ ਦੀਆ ਸਰੀਰਕ ਲੋੜਾਂ ਦੀ ਪੂਰਤੀ ਕਰਨ ਦੇ ਅਸਮਰੱਥ ਹੈ ਇਸ ਲਈ ਉਹ ਆਪਣੀ ਕਾਮੁਕ ਭੁੱਖ ਮਿਟਾਉਣ ਲਈ ਮਿੱਠੂ ਨਾਲ ਸਰੀਰਕ ਸਬੰਧ ਕਾਇਮ ਕਰ ਲੈਂਦੀ ਹੈ। ਇਸ ਗੱਲ ਦਾ ਪਤਾ ਜਦੋਂ ਗੁਰਮੇਲ ਦੀ ਪਤਨੀ ਬਸੰਤ ਨੂੰ ਲੱਗਦਾ ਹੈ ਤਾਂ ਉਸਨੂੰ ਆਪਣੀ ਭੈਣ ਦਾ ਘਰ ਵਸਣ ਤੋਂ ਪਹਿਲਾਂ ਹੀ ਉਜੜਦਾ ਲੱਗਦਾ ਹੈ।ਇਸ ਕਰਕੇ ਉਹ ਗੁਰਮੇਲ ਨੂੰ ਜੈਦੇਵ ਦੇ ਘਰ ਭੇਜਦੀ ਹੈ ਤਾਂ ਜੋ ਇਸ ਮਾਮਲੇ ਨੂੰ ਇੱਥੇ ਹੀ ਨੱਜਿਠਿਆ ਜਾ ਸਕੇ। ਪਰ ਸਮਝਾਉਣ ਗਿਆ ਗੁਰਮੇਲ ਆਪ ਹੀ ਸੱਤਿਆ ਦੀ ਸੁੰਦਰਤਾ ਦਾ ਮੁਰੀਦ ਬਣ ਉਸ ਤੋਂ ਆਪਣੇ ਜਿਸਮ ਦੀ ਅੱਗ ਠਾਰਨ ਲੱਗ ਪੈਂਦਾ ਹੈ। ਮਿੱਠੂ ਤਾਂ ਵਿਆਹ ਤੋਂ ਬਾਅਦ ਸੱਤਿਆ ਦਾ ਖਹਿੜਾ ਛੱਡ ਦਿੰਦਾ ਹੈ ਪਰ ਗੁਰਮੇਲ ਸੱਤਿਆ ਨਾਲ ਕੀਤੇ ਵਾਅਦੇ ਨੂੰ ਨਿਭਾਉਣ ਲਈ ਉਸਨੂੰ ਪਿੰਡੋਂ ਉਧਾਲ ਕੇ ਲੈ ਜਾਂਦਾ ਹੈ।ਗੁਰਮੇਲ ਦੇ ਘਰੋਂ ਜਾਣ ਤੋਂ

ਬਾਅਦ ਉਸਦਾ ਛੜਾ ਭਰਾ ਚੰਨਣ ਉਸਦੀ ਪਤਨੀ ਬਸੰਤ ਨਾਲ ਆਪਣੀ ਹਵਸ ਦੀ ਅੱਗ ਬੁਝਾਉਣ ਲਈ ਤਰਲੋ-ਮੱਛੀ ਹੋ ਜਾਂਦਾ ਹੈ। ਉਹ ਬਸੰਤ ਨੂੰ ਪਿਆਰ ਨਾਲ,ਧੱਕੇ ਨਾਲ, ਜ਼ਮੀਨ ਵੰਡਣ ਦੀਆਂ ਧਮਕੀਆਂ ਨਾਲ ਆਪਣੀ ਬਣਾਉਣ ਦਾ ਹਰ ਇੱਕ ਯਤਨ ਕਰਦਾ ਹੈ ਪਰ ਬਸੰਤ ਮਨ ਵਿੱਚ ਇਹ ਸਿਦਕ ਧਾਰੀ ਬੈਠੀ ਹੈ, *"ਮਰਨੀ ਮਰਜੂੰ, ਪਰ ਚੰਨਣ ਦੇ ਵਸਣਾਂ ਮਨਜ਼ੂਰ ਨਹੀਂ।"*[7] ਬਸੰਤ ਦੀ ਜਿੱਦ ਅਤੇ ਚੰਨਣ ਦੇ ਤਰਲੇ ਦੇਖ ਚੰਦ ਕੌਰ ਦਾ ਮਨ ਪਿਘਲ ਜਾਂਦਾ ਹੈ ਉਹ ਆਪ ਬਸੰਤ ਦੀ ਮਿੰਨਤ ਕਰਦੀ ਹੋਈ ਉਸਨੂੰ ਸਮਝਾਉਦੀ ਹੈ, *"ਕੁੜੇ ਪੁੱਤ ਤੂੰ ਹੀ ਫਲ ਜਾ, ਉਹ ਕਾਣਾ ਹੁਜ਼ਤੀ ਤਾਂ ਘਰ ਪੱਟਣ ਤੇ ਆ ਗਿਆ! ਮੈਂ ਸੁਣਿਐ, ਫਿੱਡਲ ਛੀਂਬੇ ਤੋਂ ਗੂਠਾ ਲਾ ਕੇ ਪੈਸੇ ਫੜੇ ਐ ! ਉਹਨੇ ਤਾਂ ਠਾਹ ਕਿੱਲਾ ਲਿਖਾ ਲੈਣਾ ਐ ! ਉਹ ਜਾਣੇ ਤੇਰਾ ਜੁਆਕ ਟੁੱਕ ਖਾਂਦਾ ਰਹਿ -ਜੂ, ਅੱਠਾਂ ਕਿੱਲਿਆਂ ਨੂੰ ਤਾਂ ਕੋਈ ਜੱਟ ਵੀ ਫਸ-ਜੁਗਾ।"*[8] ਪਰ ਬਸੰਤ ਉੱਪਰ ਚੰਦ ਕੁਰ ਦੀਆਂ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਉਹ ਆਪਣੇ ਧਰਮ 'ਤੇ ਪੱਕੀ ਰਹਿੰਦੀ ਹੈ। ਉਹ ਚੰਨਣ ਨੂੰ ਸੌ ਦੀ ਇੱਕ ਸੁਣਾ ਦਿੰਦੀ ਹੈ, *"ਰੋਟੀ ਖਾ, ਜੀ ਸਦਕੇ । ਨੇਰੇ ਖਾ, ਸਵੇਰੇ ਖਾ !ਪਰ ਮਿਲੂ ਚੁੱਲੇ ਦੀ ! ਜੇ ਤੂੰ ਕੁਸ਼ ਹੋਰ ਭਾਲੇਂ ! ਇਹ ਨੀ ਪੁੱਗਣਾ! ਜਣੇ ਖਣੇ ਦੀ ਰੰਨ ਨ੍ਹੀ ਮੈਥੋਂ ਬਣਿਆ ਜਾਂਦਾ।"*[9]

ਗੁਰਮੇਲ ਸੱਤਿਆ ਨੂੰ ਉਧਾਲ ਕੇ ਲਿਜਾਣ ਉਪਰੰਤ ਜਿੱਥੇ ਜਾ ਕੇ ਵਸੇਬਾ ਕਰਨ ਦੀ ਕੋਸ਼ਿਸ਼ ਕਰਦਾ ਹੈ ਉੱਥੇ ਸਤਿਆ ਦੇ ਜਿਸਮ ਦੀ ਵਾਸਨਾ ਦੇ ਭੁੱਖੇ ਉਸਨੂੰ ਨੋਚਣ ਲਈ ਤਿਅਰ ਬੈਠੇ ਮਿਲਦੇ ਹਨ। ਭਗਤੇ ਪਿੰਡ ਵਿੱਚ ਸਰਦਾਰ ਕਪੂਰ ਸਿੰਘ ਦਾ ਪੁੱਤਰ ਗੁਰਪ੍ਰੇਮਜੀਤ ਅਤੇ ਭਾਈ ਰੂਪੇ ਪਿੰਡ 'ਚ ਕਰਮਾ ਦੋਧੀ ਆਪਣੀ ਕਾਮ ਅਗਨੀ ਸੱਤਿਆ ਨਾਲ ਬੁਝਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਲਈ ਦੁੱਖੀ ਹੋ ਗੁਰਮੇਲ ਸੱਤਿਆ ਨੂੰ ਵਾਪਸ ਆਪਣੇ ਘਰ ਲੈ ਆਉਂਦਾ ਹੈ।

ਤੋਤੀ ,ਪਾੜ੍ਹਾ ਭੂਰਾ, ਜੈਲੂ, ਹਾਕਮ,ਮਹਿੰਦਰ ਆਦਿ ਜੱਟ ਸ਼੍ਰੇਣੀ ਨਾਲ ਸਬੰਧਤ ਉਹ ਪਾਤਰ ਹਨ ਜਿਹੜੇ ਖੇਤੀ-ਬਾੜੀ ਤੋਂ ਜਿਆਦਾ ਧਿਆਨ ਤਾਂ ਆਪਣੀ ਸਰੀਰਕ ਅੱਗ ਬੁਝਾਉਣ ਵੱਲ ਦਿੰਦੇ ਹਨ। ਤੋਤੀ ਗੀਰੋ ਨਾਲ ਬੜੀ ਨਿਮਰਤਾ ਨਾਲ, ਮਿੱਠੀਆਂ-ਮਿੱਠੀਆਂ ਗੱਲਾਂ ਕਰ ਨੇੜਤਾ ਸਥਾਪਤ ਕਰਦਾ ਹੈ। ਉਹਨਾਂ ਵਿਚਕਾਰ ਬਣੇ ਜਿਸਮੀ ਸਬੰਧਾਂ ਤੋਂ ਜਦੋਂ ਗੀਰੋ ਦੇ ਨਾਜ਼ਾਇਜ਼ ਔਲਾਦ ਪੈਦਾ ਹੋ ਜਾਂਦੀ ਹੈ ਤਾਂ ਉਹ ਗੀਰੋ ਉੱਪਰ ਬਣੀ ਔਕੜ ਸਮੇਂ ਉਸਦਾ ਸਾਥ ਦੇਣ ਦੀ ਬਜਾਇ ਆਪਣੀ ਜੱਟ ਹਉਮੈ ਨੂੰ ਲੈ ਕੇ ਬੈਠ ਜਾਂਦਾ ਹੈ। ਪਾੜ੍ਹਾ ਭੂਰਾ ਵੀ ਗੀਰੋ ਤੇ ਡੋਰੇ ਪਾ ਉਸਦੇ ਹੁਸਨ ਦਾ ਲੁਤਫ਼ ਲੈਣ ਦੀਆਂ ਬੇਹੱਦ ਕੋਸ਼ਿਸ਼ਾਂ ਕਰਦਾ ਹੈ ਪਰ ਸਫ਼ਲ ਨਹੀਂ ਹੋ ਪਾਉਂਦਾ।ਜੈਲੂ ਬਾਰੇ ਤਾਂ ਸਾਰੇ ਪਿੰਡ ਵਿੱਚ ਇਹ ਚਰਚਾ ਹੁੰਦੀ ਹੈ ਕਿ ਸੱਤਿਆ ਬਾਹਮਣੀ ਦੇ ਹੋਇਆ ਮੁੰਡਾ ਉਸਦੀ ਜੈਲੂ ਨਾਲ ਲਾਈ ਯਾਰੀ ਦਾ ਸਿੱਟਾ ਹੈ। ਹਾਕਮ ਤੇ ਮਹਿੰਦਰ ਬਾਰੇ ਪਿੰਡ ਵਿੱਚ ਇਹ ਗੱਲ ਪ੍ਰਸਿੱਧ ਹੋ ਚੁੱਕੀ ਹੈ ਕਿ ਦੂਜਿਆਂ ਦੀਆਂ ਜਨਾਨੀਆਂ ਦੇ ਮਾਮਲੇ 'ਚ ਇਹ ਲੰਗੋਟ ਦੇ ਬਿਲਕੁੱਲ ਕੱਚੇ ਹਨ। 'ਲੇਕਿਨ ਸੂਬੇਦਾਰ' ਦੀ ਘਰਵਾਲੀ ਮੁਕੰਦ ਕੌਰ ਬਾਲ਼ੀਆਂ ਵੱਟੇ ਸੀਰੀ ਲਾਲ ਸਾਂਝ ਪਾ ਲੈਂਦੀ ਹੈ।

ਨਾਵਲ ਵਿੱਚ ਤੀਜੀ ਸ਼੍ਰੇਣੀ ਬ੍ਰਾਹਮਣ ਬਰਾਦਰੀ ਨਾਲ ਸਬੰਧਤ ਪਾਤਰਾਂ ਦੀ ਹੈ। ਇਸ ਸ਼੍ਰੇਣੀ ਦੇ ਪਾਤਰਾਂ ਵਿੱਚੋਂ ਸੱਤਿਆ ਆਪਣੀ ਕਾਮ ਅਗਨੀ ਦੇ ਸੇਕ ਨੂੰ ਤ੍ਰਿਪਤ ਕਰਨ ਲਈ ਬਿਗਾਨੇ ਮਰਦਾਂ ਨਾਲ ਸਬੰਧ ਸਥਾਪਤ ਕਰਦੀ ਹੈ। ਬਰਾਦਰੀ ਦੇ ਬਾਕੀ ਲੋਕ ਸੱਤਿਆ ਦੇ ਇਹਨਾਂ ਸਬੰਧਾਂ ਨੂੰ ਬਰਦਾਸ਼ਤ ਨਹੀਂ ਕਰ ਪਾਉਂਦੇ ਕਿਉਂਕਿ ਸੱਤਿਆ ਦੇ ਇਹਨਾਂ ਕੰਮਾਂ ਨਾਲ ਉਹਨਾਂ ਨੂੰ ਆਪਣੀ ਬਰਾਦਰੀ ਦੀ ਇੱਜਤ ਤੇ ਅੱਣਖ ਮਿੱਟੀ 'ਚ ਮਿਲਦੀ ਲੱਗਦੀ ਹੈ। ਇਸ ਲਈ ਬਰਾਦਰੀ ਦੀ ਇੱਜਤ ਬਚਾਉਣ ਲਈ ਉਹ ਗੁੱਸੇ ਦੀ ਅੱਗ ਵਿੱਚ ਭੜਕਦੇ ਹਨ।ਇੱਕੋ ਬਰਾਦਰੀ ਦੀਆਂ ਦੋਵੇਂ ਧਿਰਾਂ ਵਿੱਚ ਆਪੋ-ਆਪਣੀ ਅਗਨੀ ਦਾ ਸੇਕ ਹੈ ਜਿਸਨੂੰ ਸ਼ਾਂਤ ਕਰਨ ਲਈ ਉਹਨਾਂ ਵਿੱਚ ਆਪਸੀ ਟਕਰਾਉ ਪੈਦਾ ਹੁੰਦਾ ਹੈ। ਦਰਅਸਲ ਚੌਵੀ-ਪੱਚੀ ਵਰ੍ਹਿਆਂ ਦੀ ਸੱਤਿਆ ਨਾਲ ਸੱਠਾਂ ਨੂੰ ਢੁੱਕ ਚੁੱਕਿਆ ਜੈਦੇਵ ਦੂਜਾ ਵਿਆਹ ਕਰਵਾਉਂਦਾ ਹੈ। ਹਾਣ ਪਰਵਾਣ ਨਾ ਹੋਣ ਕਾਰਨ ਜੈਦੇਵ ਦਾ ਬੁੱਢਾ ਹੋ ਚੁੱਕਾ ਸਰੀਰ ਸੱਤਿਆ ਦੀ ਅੱਗ ਵਾਂਗ ਮੱਚਦੀ ਜਵਾਨੀ ਨੂੰ ਸੰਭਾਲਣ ਦੇ ਅਸਮਰੱਥ ਹੁੰਦਾ ਹੈ। ਸੱਤਿਆ ਨੂੰ ਆਪਣੀ ਸਰੀਰਕ ਕਾਮ ਤ੍ਰਿਪਤੀ ਲਈ ਦਿਨ-ਰਾਤ ਤੜਪਣਾ ਪੈਂਦਾ ਹੈ ਪਰ ਜੈਦੇਵ ਸਾਰੀ ਦਿਹਾੜੀ ਦਵਾਈਆਂ ਕੁੱਟਣ ਤੇ ਭਜਨ ਪਾਠ ਕਰਨ ਵਿੱਚ ਲੱਗਾ ਰਹਿੰਦਾ ਹੈ ਇਸੇ ਲਈ ਸੱਤਿਆ ਦੁਖੀ ਹੋ ਜੈਦੇਵ 'ਤੇ ਕਚੀਚੀਆਂ ਲੈਂਦੀ ਹੈ, *"ਯੱਦਾ ਹੋਇਐ ਪੂਜਾ-ਪਾਠ ਦਾ !ਹੁਣ ਤਾਂ ਤੈਨੂੰ ਕਿਤੇ ਰੱਬ ਮਿਲ ਨਾ ਜਾਊ-ਮੇਰੀ ਆਤਮਾ ਤਪਾ ਕੇ ਲਹਿ ਜਾਣਿਆਂ, ਅਗਲੀ ਜੂਨੀ ਸੁਆਰਨ ਨੂੰ ਫਿਰਦੈ। "ਮੈਂ ਤਾਂ ਕਹਿੰਨੀਆਂ, ਜੇ ਤੂੰ ਕਿਤੇ ਹੈਗਾਂ ਏ, ਜੇ ਤੂੰ ਦੁਨੀਆਂ ਦੇ ਦੁੱਖ ਸੰਤਾਪ ਹਰਨ ਵਾਲਾ-ਐਂ! ਤਾਂ ਇਹਨੂੰ ਔਤਾਂ ਦੇ ਝੋਟੇ ਨੂੰ ਨਰਕਾਂ ਵਿੱਚ ਤੱਤੀ ਥਾਂ ਸਿੱਟੀਂ ! ਫੇਰ ਕਿਤੇ ਮੈਨੂੰ ਚੈਨ ਆਊ।"*[10]

ਜੈਦੇਵ ਤੋਂ ਨਿਰਾਸ਼ ਹੋਈ ਸੱਤਿਆਂ ਜੈਲੂ, ਮਿੱਠੂ ,ਗੁਰਮੇਲ ਵਰਗੇ ਹੋਰ ਮਰਦਾਂ ਨਾਲ ਕਾਮੁਕ ਸਬੰਧ ਬਣਾਉਂਦੀ ਹੈ। ਉਹ ਇਹਨਾਂ ਵਿੱਚੋਂ ਜਿਸ ਮਰਦ ਨਾਲ ਜੁੜਦੀ ਹੈ ਉਸ ਨਾਲ ਖੜਨ ਦੀ ਜੁਅਰਤ ਵੀ ਰੱਖਦੀ ਹੈ। ਗੁਰਮੇਲ ਉੱਪਰ ਹਮਲਾ ਕਰਨ ਆਏ ਨੇਕੂ ਨੂੰ ਉਹ ਕੁੱਟ ਧਰਦੀ ਹੈ। ਉਸ ਲਈ ਪੈਸੇ ਖਰਚਦੀ ਹੈ ਤੇ ਸਜ਼ਾ ਵੀ ਨਹੀਂ ਹੋਣ ਦਿੰਦੀ। ਆਪਣਾ ਵਾਅਦਾ ਉਹ ਪੂਰੀ ਦਲੇਰੀ ਨਾਲ ਨਿਭਾਉਂਦੀ ਹੈ। ਇੱਕ ਵਾਰ ਗੁਰਮੇਲ ਦੀ ਪੱਕੇ ਤੌਰ ਤੇ ਹੋਣ ਤੋਂ ਬਾਅਦ ਕਿਸੇ ਹੋਰ ਮਰਦ ਨੂੰ ਆਪਣੇ ਨੇੜੇ ਢੁਕਣ ਨਹੀਂ ਦਿੰਦੀ।

ਸੱਤਿਆ ਦੇ ਗੈਰ ਮਰਦਾਂ ਨਾਲ ਬਣਾਏ ਸਬੰਧ ਬ੍ਰਾਹਮਣ ਬਰਾਦਰੀ ਨੂੰ ਆਪਣੀ ਅਣਖ ਲਈ ਵੰਗਾਰ ਲਗਦੇ ਹਨ। ਸੱਤਿਆ ਦੀਆਂ ਨਿੱਤ ਵਧਦੀਆਂ ਜਾਂਦੀਆਂ ਹਰਕਤਾਂ ਤੋਂ ਤੰਗ ਆ ਕੇ ਉਹ ਗੁੱਸੇ ਦੀ ਅੱਗ ਨਾਲ ਭਰੇ ਜੈਦੇਵ ਕੋਲ ਉਲਾਹਮਾ ਦੇਣ ਜਾਂਦੇ ਹਨ। ਅੱਗੋਂ ਜੈਦੇਵ ਉਹਨਾਂ ਅੱਗੇ

ਆਪਣੀ ਬੇਬਸੀ ਜ਼ਾਹਰ ਕਰ ਦਿੰਦਾ ਹੈ। ਪਰ ਨੌਜਵਾਨ ਮੁੰਡਿਆਂ ਤੋਂ ਬਰਾਦਰੀ ਦੀ ਨਮੋਸ਼ੀ ਤੇ ਮਿੱਟੀ ਮਿਲੀ ਇੱਜਤ ਦੇਖੀ ਨਹੀਂ ਜਾਂਦੀ। ਇਸ ਲਈ ਇੱਕ ਦਿਨ ਕਾਕਾ ਅਤੇ ਬਰਮਾਨੰਦ ਦਾ ਰੋਡੇ ਕਾਲਜ ਪੜ੍ਹਦਾ ਮੁੰਡਾ ਗੁਰਮੇਲ ਨੂੰ ਜਾ ਲਲਕਾਰਦੇ ਹਨ। ਬਰਾਦਰੀ ਦੇ ਤਿੱਖੇ ਤੇਵਰਾਂ ਨੂੰ ਭਾਂਪਦੀ ਹੋਈ ਸੱਤਿਆ ਗੁਰਮੇਲ ਨਾਲ ਨਿਕਲ ਕੇ ਚਲੀ ਜਾਦੀ ਹੈ।

ਨਾਵਲ ਵਿੱਚ ਚੌਥੀ ਸ਼੍ਰੇਣੀ ਦੇ ਪਾਤਰ ਨੌਜਵਾਨ ਸਭਾ ਵਾਲੇ ਉਹ ਮੁੰਡੇ ਹਨ ਜਿਹੜੇ ਕਿਰਤੀ/ਨਿਮਨ ਕਿਸਾਨੀ ਨਾਲ ਜੁੜੇ ਲੋਕਾਂ ਨੂੰ ਜਾਗ੍ਰਿਤ ਕਰ ਉਹਨਾਂ ਅੰਦਰ ਇਨਕਲਾਬ ਦੀ ਅੱਗ ਪੈਦਾ ਕਰਨੀ ਚਾਹੁੰਦੇ ਹਨ। ਕਮਊਨਿਸਟਾਂ ਦੇ ਪ੍ਰਭਾਵ ਅਧੀਨ ਕੰਮ ਕਰਨ ਵਾਲੀ ਇਸ ਸਭਾ ਵਿੱਚ ਜੀਤੂ, ਨਾਹਰਾ ਤੇ ਬਲਵੰਤ ਆਦਿ ਪਾਤਰ ਸ਼ਾਮਲ ਹਨ। ਇਹਨਾਂ ਪਾਤਰਾਂ ਅੰਦਰ ਜੀਵਨ ਦੀਆਂ ਕਠੋਰ ਪ੍ਰਸਥਿਤੀਆਂ ਦੀ ਸਮਝ ਕਾਰਨ ਚੇਤਨਾ ਦੀ ਨਵੀਂ ਚਿਣਗ ਫੁੱਟ ਪੈਂਦੀ ਹੈ। ਜਿਸ ਕਾਰਣ ਇਹ ਜੱਟ/ਜਿੰਮੀਦਾਰਾਂ ਪ੍ਰਤੀ ਵਿਦਰੋਹੀ ਰੁੱਖ ਅਖ਼ਤਿਆਰ ਕਰਦੇ ਹਨ। ਇਹ ਪਾਤਰ ਵਿਅਕਤੀਗਤ ਤੌਰ 'ਤੇ ਸੁਚੇਤ ਹਨ ਕਿ ਜਿਵੇਂ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਹੈ ਇਵੇਂ ਧਨਾਢ ਕਿਸਾਨੀ ਨਿਮਨ ਕਿਸਾਨੀ ਤੇ ਖੇਤ ਮਜਦੂਰਾਂ ਦਾ ਸ਼ੋਸ਼ਣ ਕਰਦੀ ਹੈ। ਇਸੇ ਚੇਤਨਾ ਕਾਰਨ ਸਭਾ ਨਾਲ ਜੁੜੇ ਮੁੰਡੇ ਕਿਰਤੀ ਕਿਸਾਨ ਨਾਲ ਹੁੰਦੇ ਧੱਕੇ ਨੂੰ ਰੋਕਣ ਦਾ ਹਰ ਸੰਭਵ ਯਤਨ ਕਰਦੇ ਹਨ। ਮਜ਼੍ਹਬੀ ਸਿੰਘਾਂ ਦੇ ਮੁੰਡਿਆਂ ਉੱਪਰ ਲੱਗੇ ਚੋਰੀ ਦੇ ਇਲਜ਼ਾਮ ਵੇਲੇ, ਚਰਨੀ ਦੁਆਰਾ ਹੌਲਦਾਰ ਕਿਸ਼ਨ ਸਿਹੁੰ ਦੇ ਮੁੰਡੇ ਦਾ ਸਿਰ ਪਾੜਨ ਵੇਲੇ ਅਤੇ ਦੇਬੂ ਦੀ ਬਾਂਹ ਕੱਟ ਜਾਣ ਵੇਲੇ, ਸਭਾ ਦੇ ਇਹ ਮੁੰਡੇ ਪੰਚਾਇਤ ਅੱਗੇ ਕਿਸੇ ਪ੍ਰਕਾਰ ਦਾ ਅਮੀਰ-ਗਰੀਬ ਤੇ ਉਚ-ਨੀਚ ਵਾਲਾ ਭੇਦਭਾਵ ਕੀਤੇ ਬਿਨਾਂ ਇਨਸਾਫ ਕਰਨ ਦੀ ਮੰਗ ਉਠਾਉਂਦੇ ਹਨ।

ਨਾਵਲ ਦੀਆਂ ਡੂੰਘੀਆ ਪਰਤਾਂ ਫੋਲਿਆਂ ਪਤਾ ਲਗਦਾ ਹੈ ਕਿ ਸਭਾ ਦੇ ਮੁੰਡੇ ਇਸ ਗੱਲ ਪ੍ਰਤੀ ਚੇਤੰਨ ਹਨ ਕਿ ਇਨਕਲਾਬ ਲਿਆਉਣ ਲਈ ਦਲਿਤਾਂ ਨਾਲ ਨਿਮਨ ਕਿਸਾਨੀ ਦੇ ਥੁੜੇ-ਟੁੱਟੇ ਲੋਕਾਂ ਨੂੰ ਜੋੜਨ ਦੀ ਜਰੂਰਤ ਹੈ। ਕਿਉਂਕਿ ਵੱਡੀ ਜ਼ਿਮੀਂਦਾਰੀ ਦੋਨਾਂ ਦਾ ਸ਼ੋਸ਼ਣ ਕਰਦੀ ਹੈ। ਇਸ ਲਈ ਦੋਵਾਂ ਦੀ ਏਕਤਾ ਵੱਡੀ ਜ਼ਿਮੀਂਦਾਰੀ ਦੇ ਮੁਕਾਬਲੇ ਲਈ ਲਾਜ਼ਮੀ ਹੈ।

ਪਰ ਕਿਰਤੀ ਕਿਸਾਨਾਂ ਨੂੰ ਸੰਗਠਿਤ ਕਰਨ ਪ੍ਰਤੀ ਸੁਚੇਤ ਲੱਗਣ ਵਾਲੇ ਸਭਾ ਦੇ ਮੁੰਡੇ ਆਪ ਮਿਸ਼ਨ ਤੋਂ ਭਟਕੇ ਹੋਏ ਹਨ। ਇਹਨਾਂ ਦੀ ਕਥਨੀ ਤੇ ਕਰਨੀ ਵਿੱਚ ਬੜਾ ਫ਼ਰਕ ਹੈ। ਦਲਿਤਾਂ ਦੇ ਹੱਕਾਂ ਦੀ ਲੜਾਈ ਲੜਨ ਵਾਲੇ ਇਹ ਮੁੰਡੇ ਆਪ ਫ਼ਾਗਰ ਸੈਂਸੀ ਦੀ ਕੁੜੀ ਮਗਰ ਫਿਰਦੇ ਹਨ। ਗਰੀਬ-ਅਮੀਰ ਦਾ ਭੇਦ ਮਿਟਾ ਮਜ਼੍ਹਬੀ ਪਰਿਵਾਰ ਨਾਲ ਨੇੜਤਾ ਵਧਾਉਣ ਦੀਆਂ ਗੱਲਾਂ ਕਰਨ ਵਾਲਾ ਬਾਈ ਕਾਮਰੇਡ ਜੀਤੂ ਦੇ ਘਰ ਰਾਤ ਕੱਟਣਾਂ ਨਹੀਂ ਚਾਹੁੰਦਾ। ਗੀਰੋ ਦੇ ਛੱਡ ਕੇ ਚਲੀ ਜਾਣ ਬਾਅਦ ਸਾਰੇ ਪਾਸਿਆਂ ਤੋਂ ਨਿਰਾਸ਼ ਹੋਇਆ ਦੇਬੂ ਬੜੀ ਉਮੀਦ ਲੈ ਕੇ ਪੰਡਤਾਂ ਦੇ ਮਾਸਟਰ ਮੁੰਡੇ ਕੋਲ ਜਾਂਦਾ ਹੈ ਪਰ ਅੱਗੋਂ ਡਡੂਆਂ ਦੀ ਪੰਸੇਰੀ ਵਾਂਗ ਖਿੱਲਰ ਚੁੱਕੀ ਸਭਾ ਦੀ ਅਸਲੀਅਤ ਅਤੇ ਬੇਬਸੀ ਉਹ ਦੇਬੂ ਅੱਗੇ ਜ਼ਾਹਰ ਕਰ ਦਿੰਦਾ ਹੈ, *"ਗੱਲ ਤਾਂ ਦੇਬੂ ਤੇਰੇ ਨਾਲ ਬਹੁਤ ਮਾੜੀ ਹੋਏ ਐ! ਹੁਣ ਅਸੀਂ ਤੇਰੀ ਕੀ ਮਦਦ ਕਰ ਸਕਦੇ ਆਂ! ਸਭਾ ਤਾਂ ਹੁਣ ਹੈ-ਈ ਕੋਈ ਨਹੀਂ। ਜੇ ਹੁੰਦੀ ਵੀ ਤਾਂ ਵੀ ਉਹ ਕੀ ਕਰ ਲੈਂਦੀ? ਜਨਾਨੀ ਤੇਰੀ ਤੈਨੂੰ ਆਪਣੇ ਆਪ ਛੱਡਕੇ ਗਈ ਐ।"*[11]

ਮਾਸਟਰ ਮੁੰਡੇ ਦੀਆਂ ਗੱਲਾਂ ਸਾਬਿਤ ਕਰਦੀਆਂ ਹਨ ਕਿ ਸਭਾ ਨਾਲ ਜੁੜੇ ਮੁੰਡੇ ਕਿਰਤੀ ਕਿਸਾਨਾਂ ਦੇ ਹਿੱਤਾਂ ਦੀ ਸਲਾਮਤੀ ਲਈ ਇੱਕ ਧਿਰ ਵਜੋਂ ਸੰਗਠਿਤ ਹੋਣ ਤੋਂ ਅਸਮਰੱਥ ਰਹਿ ਜਾਂਦੇ ਹਨ। ਇਸ ਲਈ ਪਿੰਡਾਂ ਵਿੱਚ ਕਾਬਜ ਮੋਟੀ ਜੱਟ ਕਿਸਾਨੀ ਦੇ ਚੂੰਗਲ 'ਚੋਂ ਉਹ ਆਪਣੇ ਲੋਕਾਂ ਨੂੰ ਪੂਰੀ ਤਰ੍ਹਾਂ ਮੁਕਤ ਨਹੀਂ ਕਰਵਾ ਸਕੇ। ਪਰ ਉਹ ਆਪਣੇ ਲੋਕਾਂ ਨੂੰ ਆਪਣੀ ਗੁਲਾਮ ਜ਼ਹਿਨੀਅਤ ਦਾ ਤਿਆਗ ਕਰਨ ਪ੍ਰਤੀ ਜਾਗਰੂਕ ਕਰਨ ਵਿੱਚ ਸਫ਼ਲ ਜਰੂਰ ਹੋ ਜਾਂਦੇ ਹਨ।।

ਉਪਰੋਕਤ ਕੀਤੀ ਵਿਚਾਰ ਚਰਚਾ ਉਪਰੰਤ ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਨਾਵਲ 'ਅੱਗ ਦਾ ਗੀਤ' ਦੇ ਲਗਭਗ ਸਾਰੇ ਪਾਤਰ ਕਿਸੇ ਨਾ ਕਿਸੇ ਦੀ ਕਾਮੁਕ ਅਗਨੀ ਠਾਰਨ ਵਿੱਚ ਲੱਗੇ ਹੋਏ ਹਨ। ਗੁਰਮੇਲ ਤੇ ਮਿੱਠੂ ਦੋਵੇਂ ਭਰਾ ਪਿੰਡ ਦੀ ਔਰਤ ਸੱਤਿਆ ਨਾਲ ਆਪਣੀ ਕਾਮੁਕ ਅਗਨ ਸ਼ਾਂਤ ਕਰਦੇ ਹਨ, ਜਦਕਿ ਉਹਨਾਂ ਦਾ ਭਰਾ ਚੰਨਣ ਘਰ 'ਚ ਆਪਣੀ ਭਰਜਾਈ ਬਸੰਤ ਤੋਂ ਆਪਣੀ ਕਾਮੁਕ ਅਗਨ ਸ਼ਾਂਤ ਕਰਨ ਦੀ ਉਮੀਦ ਲਗਾਈ ਬੈਠਾ ਹੈ। ਤੋਤੀ, ਜੈਲੂ, ਪਾੜ੍ਹਾ ਭੂਰਾ, ਹਾਕਮ ਬੀਰ ਸਿਉਂ ਬਾਕੀ ਸਭ ਵਿੱਚ ਇਹੋ ਕਾਮੁਕ ਅੱਗ ਹੈ। ਇਥੋਂ ਤਕ ਕਿ ਖੇਤਾਂ 'ਚ ਕੰਮ ਕਰਨ ਜਾਂਦੀਆਂ ਵਿਹੜੇ ਵਾਲੀਆਂ ਔਰਤਾਂ ਦੀ ਇੱਜਤ ਕਿਤੇ ਵੀ ਸੁਰੱਖਿਅਤ ਨਹੀਂ। ਪਰੰਤੂ ਇਸਦੇ ਨਾਲ ਹੀ ਸਚਾਈ ਇਹ ਵੀ ਹੈ ਕਿ ਇਸ ਕਾਮੁਕ ਅਗਨੀ ਦੇ ਸੇਕ ਪੱਖੋਂ ਵਿਹੜੇ ਦੀਆਂ ਔਰਤਾਂ ਵੀ ਘੱਟ ਨਹੀਂ। ਗੀਰੋ ਤੇ ਲੱਛੀ ਦਾ ਗਰਭਵਤੀ ਹੋਣਾ ਦੋਵੇਂ ਧਿਰਾਂ ਵਿੱਚਲੀ ਅੱਗ ਦਾ ਸੂਚਕ ਹੈ। ਸਥਿਤੀ ਹੋਰ ਨਿਘਰ ਗਈ ਜਾਪਦੀ ਹੈ ਜਦੋਂ ਸਰਦੀ ਪੁਜਦੀ ਮੁਕੰਦ ਕੌਰ ਬਾਲੀਆਂ ਵੱਟੇ ਸੀਰੀ ਦੀ ਅਗਨ ਠਾਰਦੀ ਹੈ। ਇਸ ਦੇ ਇਲਾਵਾ ਕਾਮ ਅਗਨ ਸ਼ਾਂਤ ਕਰਨ ਵਾਲੇ ਪਾਤਰਾਂ ਕਾਰਨ ਬਸੰਤ ਸਾੜੇ ਦੀ ਅੱਗ ਤੇ ਪੂਰੀ ਬ੍ਰਾਹਮਣ ਬਰਾਦਰੀ ਵਾਲੇ ਇੱਜਤ ਬਚਾਉਣ ਦੀ ਅੱਗ ਵਿੱਚ ਸੜਦੇ ਹਨ। ਨੌਜਵਾਨ ਸਭਾ ਦੇ ਦਲਿਤ ਪਾਤਰ ਮੁੰਡਿਆਂ ਵਿੱਚ ਮਜ਼੍ਹਬੀਆਂ ਦੀ 'ਨਫਿੱਟ' ਸਮਝੀ ਜਾਂਦੀ ਜੂਨ ਪ੍ਰਤੀ ਰੋਹ ਜਾਂ ਬਗਾਵਤ ਦੀ ਅੱਗ ਹੈ।

***ਹਵਾਲੇ ਅਤੇ ਟਿੱਪਣੀਆਂ***

*1. ਹਰਦਰਸ਼ਨ ਸਿੰਘ, **ਪੰਜਾਬੀ ਨਾਵਲ ਵਿੱਚ ਨਾਇਕ ਦਾ ਵਿਗਠਨ**, ਪੰਨਾ 196*

*2 ਕਰਮਜੀਤ ਸਿੰਘ ਕੁੱਸਾ, **ਅੱਗ ਦਾ ਗੀਤ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਈ 1985, ਪੰਨਾ-2*

3 ਉਹੀ,ਪੰਨਾ-7

4 ਉਹੀ,ਪੰਨਾ-303

5 ਉਹੀ,ਪੰਨਾ-275

6 ਉਹੀ,ਪੰਨਾ-276

7 ਉਹੀ,ਪੰਨਾ-217

8 ਉਹੀ,ਪੰਨਾ-222

9 ਉਹੀ,ਪੰਨਾ-223

10 ਉਹੀ,ਪੰਨਾ-95

11 ਉਹੀ,ਪੰਨਾ-301